EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

**Ref No: PUSA/GEN/2022/026** **Dated: 25-03-2022**

ਸੇਵਾ ਵਿਖੇ

ਮਾਨਯੋਗ ਸ.ਭਗਵੰਤ ਸਿੰਘ ਮਾਨ ਜੀ

ਮੁੱਖ ਮੰਤਰੀ ਪੰਜਾਬ,

ਚੰਡੀਗੜ੍ਹ ।

ਵਿਸ਼ਾ : **ਸਕੂਲ ਵੈਨਾਂ ਦੇ ਟੈਕਸ ਨੂੰ ਤਰਕ ਸੰਗਤ ਬਣਾਉਣ ਵਾਰੇ ।**

ਸ਼੍ਰੀ ਮਾਨ ਜੀਓ,

ਆਪ ਜੀ ਵਲੋਂ ਪੰਜਾਬ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੇ ਅਸੀਂ ਆਪ ਜੀ ਨੂੰ ਵਧਾਈ ਦਿੰਦੇ ਹਾਂ| ਅਹੁਦਾ ਸੰਭਾਲਦੇ ਹੀ ਆਪ ਜੀ ਵੱਲੋਂ ਚੁਕੇ ਕ੍ਰਾਂਤੀਕਾਰੀ ਕਦਮਾਂ ਤੋਂ ਸਾਡੀ ਸੋਸਾਇਟੀ ਬਹੁੱਤ ਪ੍ਰਭਾਵਿਤ ਹੈ । ਇਹੋ ਜਿਹੇ ਕਦਮ ਪੰਜਾਬ ਨੂੰ ਤਰੱਕੀਆਂ ਵੱਲ ਲੈ ਕੇ ਜਾਣਗੇ ਇਸ ਵਿੱਚ ਕੋਈ ਸੰਕਾ ਨਹੀਂ ਹੈ । ਸਾਡੀ ਜਥੇਬੰਦੀ ਵੀ ਆਪ ਵਲੋਂ ਅਰੰਭੇ ਕਾਰਜ ਵਿੱਚ ਹਰ ਸਮੇਂ ਜੋਗਦਾਨ ਪਾਉਣ ਲਈ ਤੱਤਪਰ ਹੋਵੇਗੀ ਜੀ । ਅਸੀਂ ਆਪ ਜੀ ਦੇ ਸਾਹਮਣੇ ਸਕੂਲਾਂ ਦੇ ਵੈਨ ਮਾਲਕਾਂ ਦੀਆਂ ਮੁਸ਼ਕਲਾਂ ਅਤੇ ਸੁਝਾਅ ਰੱਖਣਾ ਚਾਹੁੰਦੇ ਹਾਂ ਜੀ । ਇਸ ਨਾਲ ਸਰਕਾਰ ਦਾ ਮਾਲੀਆ ਵੀ ਵਧੇਗਾ ਅਤੇ ਲੋਕ ਵੀ ਰਾਹਤ ਮਹਿਸੂਸ ਕਰਣਗੇ|

1. ਜੋ ਸਕੂਲ ਵੈਨਾਂ ਪੰਜਾਬ ਦੇ ਸ਼ਹਿਰਾਂ ਵਿੱਚ ਚਲ ਰਹੀਆਂ ਹਨ, ਉਹ ਪ੍ਰਾਈਵੇਟ ਜਾਂ ਸਕੂਲ ਦੀਆਂ ਨੇ, ਤਕਰੀਬਨ ਸਾਰੀਆਂ ਟੈਕਸ ਭਰਦੀਆਂ ਹਨ ।
2. ਜੋ ਵੈਨਾਂ ਦੂਰ ਦੁਰਾਡੇ ਪਿੰਡਾਂ ਦੇ ਛੋਟੇ ਸਕੂਲਾਂ ਵਾਸਤੇ ਚਲ ਰਹੀਆਂ ਹਨ ਉਹ ਬਹੁਤ ਪੁਰਾਣੀਆਂ ਹਨ ਅਤੇ ਟੈਕਸ ਨਹੀਂ ਭਰਦੀਆਂ, ਕੋਈ ਕਾਗ਼ਜ਼ ਨਹੀਂ ਹੈ (ਪ੍ਰੰਤੂ ਉਹਨਾਂ ਦੀ ਵੀ ਮਜ਼ਬੂਰੀ ਹੈ) ।
3. ਸਾਡੇ ਗੁਆਂਢੀ ਸੂਬਿਆਂ ਹਰਿਆਣਾ, ਰਾਜਸਥਾਨ, ਹਿਮਾਚਲ ਵਿਚ ਸਕੂਲੀ ਵੈਨਾਂ ਤੇ ਟੈਕਸ ਨਹੀਂ ਹੈ ਜੀ । ਉੱਤਰ ਪ੍ਰਦੇਸ਼ ਨੇ ਪਿਛਲੇ ਸਾਲ ਤੋਂ ਮਾਫ ਕੀਤਾ ਹੋਇਆ ਹੈ । ਗੁਜਰਾਤ ਵਿਚ ਇਹ ਟੈਕਸ 5000/- ਸਲਾਨਾ ਹੈ ਜੀ|
4. CBSE/ ICSE/PSEB ਸਕੂਲਾਂ ਵਾਸਤੇ ਸਕੂਲਾਂ ਕੋਲ ਆਪਣੀਆਂ ਬੱਸਾਂ 1 ਜਾਂ 2% ਹਨ ਬਾਕੀ ਪ੍ਰਾਈਵੇਟ , ਮਾਪਿਆਂ ਦੁਆਰਾ ਆਪੇ ਹਾਇਰ ਕੀਤੀਆਂ ਗਈਆਂ ਹਨ, ਪਰ ਕਰੋਨਾ ਕਾਲ 'ਚ ਲੱਗਭੱਗ ਸਭ ਦਾ ਟੈਕਸ ਟੁੱਟ ਚੁੱਕਾ ਹੈ।
5. ਸਾਡੀ ਸੂਚਨਾ ਮੁਤਾਬਿਕ ਪੰਜਾਬ ਚ 150000 ਤੋਂ 165000 ਵੈਨ ਚਲਦੀ ਹੈ ਜਿਸ ਵਿੱਚੋ 15000 ਤੋਂ 18000 ਹੀ ਟੈਕਸ ਭਰਦੀ ਹੈ ਅਤੇ ਕਾਗ਼ਜ਼ ਪੂਰੇ ਹਨ। ਇਸਦਾ ਹੱਲ ਹੇਠ ਲਿਖਿਆ ਹੋ ਸਕਦਾ ਹੈ:-

**(ੳ)** ਪੰਜਾਬ ਵਿੱਚ ਸਕੂਲ ਵੈਨ ਉੱਪਰ ਮਜੂਦਾ ਸਾਲਾਨਾ ਟੈਕਸ 27500 ਅਤੇ 32000/- ਹੈ ਜੋ ਕਿ ਬਹੁਤ ਹੀ ਜ਼ਿਆਦਾ ਹੋਣ ਕਾਰਨ ਟੈਕਸ ਦੀ ਚੋਰੀ ਹੁੰਦੀ ਹੈ, ਇਸ ਟੈਕਸ ਨੂੰ ਟੋਕਨ ਦੇ ਤੌਰ ਤੇ ਘਟਾ ਕੇ ਗੁਜਰਾਤ ਸਟੇਟ ਵਾਂਗੂ 5000/- ਪ੍ਰਤੀ ਸਾਲ ਕੀਤਾ ਜਾਵੇ| ਅਜਿਹਾ ਕੀਤਾ ਜਾਂਦਾ ਹੈ ਤਾਂ ਸਾਰੀਆਂ ਵੈਨਾਂ ਹੀ ਟੈਕਸ ਭਰਨ ਗੀਆਂ ਜਿਸ ਨਾਲ ਸਰਕਾਰ ਦੇ ਮਾਲੀਏ ਵਿੱਚ ਬਹੁਤ ਵਾਧਾ ਹੋਵੇਗਾ| ਉਦਾਹਰਣ ਦੇ ਤੌਰ ਤੇ ਹੁਣ ਆ ਰਹੇ ਟੈਕਸ ਅਤੇ ਨਵੇਂ ਸੰਭਾਵਤ ਟੈਕਸ ਦਾ ਵੇਰਵਾ ਇਸ ਤਰ੍ਹਾਂ ਹੈ ।

ਟੈਕਸ ਭਰਦੀਆਂ ਵੈਨ = 15000 × 27500 ਰੂ : = 41 .25 ਕਰੋੜ

EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

ਵੈਨ / ਪ੍ਰਸਤਾਵਤ ਟੈਕਸ = 150000 × 5000 ਰੁ := 75 ਕਰੋੜ

(ਅ) ਪਾਸਿੰਗ ਫੀਸ 1000/- ਹੈ ਜੋ ਘਟਾ ਕੇ 300/- ਕੀਤੀ ਜਾਵੇ ਤਾਂ ਕਿ ਸਾਰੇ ਪਾਸਿੰਗ ਵੀ ਕਰਵਾਉਣ ਅਤੇ ਰਿਸ਼ਵਤ ਖੋਰੀ ਵੀ ਬੰਦ ਹੋਵੇ | ਇਸ ਨਾਲ ਸਾਰੀਆਂ ਗੱਡੀਆਂ ਇੱਕ ਨੰਬਰ 'ਚ ਹੋਣਗੀਆਂ ਅਤੇ ਪਾਸਿੰਗ, ਬੀਮਾ ਵੀ ਕਰਵਾਉਣਗੀਆਂ ਜਿਸ ਦੇ GST ਦਾ ਲਾਭ ਪੰਜਾਬ ਨੂੰ ਹੋਵੇਗਾ, ਇਸ ਨਾਲ ਐਕਸੀਡੈਂਟ ਘਟਣਗੇ, ਬੱਚਿਆਂ ਦੀ ਸੁਰੱਖਿਆ ਵਧੇਗੀ ਤੇ ਸਭ ਤੋਂ ਵੱਡੀ ਗੱਲ ਢੋਆ-ਢੁਆਈ ਦਾ ਰੇਟ ਵੀ ਘੱਟ ਹੋਵੇਗਾ | ਇਹ ਇੱਕ ਇਤਿਹਾਸਿਕ ਕਦਮ ਹੋਵੇਗਾ ਜੀ |

ਪਾਸਿੰਗ ਤੋਂ ਹੁਣ ਆਮਦਨ 1000 x 15000 = 1 ਕਰੋੜ 50 ਲੱਖ

ਪ੍ਰਸਤਾਵਿਤ ਆਮਦਨ 300 x 150000 = 4 ਕਰੋੜ 50 ਲੱਖ

(ੲ) ਪਾਸਿੰਗ ਦੀਆਂ ਸ਼ਰਤਾਂ ਨੂੰ ਸਿਰਫ ਵੈਨਾਂ ਖਾਤਿਰ ਨਰਮ ਕੀਤਾ ਜਾਵੇ ਤਾਂ ਕਿ ਰਿਸ਼ਵਤ ਖੋਰੀ ਨੂੰ ਨੱਥ ਪਾਈ ਜਾ ਸਕੇ |

(ਸ) ਸਾਡੀ ਇਹ ਵੀ ਬੇਨਤੀ ਹੈ ਕਿ ਜੋ ਵੈਨਾਂ ਟੈਕਸ ਵਜੋਂ ਟੁੱਟ ਚੁਕੀਆਂ ਹਨ ਓਹਨਾ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਬਿਨਾਂ ਸ਼ਰਤ ਯੱਕਮੁਸ਼ਤ ਟੈਕਸ 10000/- ਰੁਪਏ ਬਿਨਾਂ ਕਿਸੇ ਪੈਨਲਟੀ ਆਦਿ ਤੋਂ ਭਰਵਾ ਕੇ ਮੁਖ ਧਾਰਾ ਵਿਚ ਲਿਆਂਦਾ ਜਾਵੇ ਜੀ | ਇਸ ਨੂੰ ਟਾਈਮ ਬਾਉਂਡ (ਸਮਾਂ ਬੱਧ) ਕੀਤਾ ਜਾਵੇ ਤਾਂ ਕਿ ਸਭ ਇਸ ਦਾ ਲਾਭ ਉਠਾ ਸਕਣ ਤੇ ਮੁਖ ਧਾਰਾ ਵਿਚ ਆ ਸਕਣ |ਇਸ ਨਾਲ ਯਕਮੁਸ਼ਤ 150 ਕਰੋੜ ਮਾਲੀਆ ਵੀ ਆਵੇਗਾ ਜੀ |

(ਹ) ਕਿਉਂਕਿ ਸਕੂਲੀ ਵੈਨਾਂ ਸਾਲ ਵਿੱਚ 220 ਤੋਂ 240 ਦਿਨ ਹੀ ਚਲਦੀਆਂ ਹਨ ਜਦ ਕਿ ਰੂਟ ਵਾਲੀਆਂ ਬੱਸਾਂ 365 ਦਿਨ| ਸਕੂਲੀ ਵੈਨਾਂ ਰੋਜ਼ ਦੀਆਂ 20km ਤੋਂ 40-50km ਸਫ਼ਰ ਤੈਅ ਕਰਦੀਆਂ ਹਨ। ਜਦੋਂ ਕਿ ਰੂਟ ਵਾਲੀਆਂ ਬੱਸਾਂ 200 ਤੋਂ 500km ਦਾ | ਇਸ ਕਰਕੇ ਸਕੂਲੀ ਵੈਨਾਂ ਦੀ ਉਮਰ ਵਧਾਈ ਜਾਵੇ, 15 ਸਾਲ ਦੀ ਬਜਾਏ 25 ਸਾਲ ਕੀਤੀ ਜਾਵੇ |

ਉਮੀਦ ਕਰਦੇ ਹਾਂ ਕਿ ਆਪ ਜੀ ਪੰਜਾਬ ਵਿੱਚ ਵਿੱਦਿਆ ਦੇ ਪ੍ਰੋਤਸਾਹਨ ਖਾਤਰ ਇਹ ਕਦਮ ਜਰੂਰ ਚੁੱਕੋਗੇ ਜੀ , ਅਤੇ ਬੱਚਿਆਂ ਵਾਸਤੇ ਇਹ ਟੈਕਸ ਛੋਟ ਜਰੂਰ ਦਿਤੀ ਜਾਵੇਗੀ ਜੋ ਕਿ ਆਪ ਦੁਆਰਾ ਲਿਆ ਗਿਆ ਇੱਕ ਇਤਿਹਾਸਿਕ ਫੈਸ਼ਲਾ ਹੋਵੇਗਾ ਜੀ। ਸਾਡੀ ਸਕੂਲਾਂ ਅਤੇ ਵਿਦਿਆਰਥੀ ਹਿਤੈਸ਼ੀ ਸੋਸਾਇਟੀ ਆਪ ਜੀ ਦੀ ਅਭਾਰੀ ਰਹੇਗੀ। ਆਪ ਜੀ ਦੇ ਹਾਂ ਪੱਖੀ ਹੁੰਗਾਰੇ ਦੀ ਆਸ ਵਿੱਚ।

ਆਪ ਜੀ ਦੇ ਸ਼ੁਭਚਿੰਤਕ

ਵਿਨੋਦ ਕੁਮਾਰ ਖੁਰਾਣਾ
ਪ੍ਰਧਾਨ ਪੂਸਾ ਪੰਜਾਬ

ਮਹਿੰਦਰ ਸਿੰਘ ਭੋਲਾ
ਜਰਨਲ ਸਕੱਤਰ ਪੂਸਾ ਪੰਜਾਬ

Regd. Office: Opp. Teachers' Home, Mahavir Dal Market, Bathinda- 151001(Punjab) INDIA
E-mail: pusapunjab@gmail.com